# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

ਦਫ਼ਤਰ ਡੀਨ, ਕਾਲਜ ਵਿਕਾਸ ਕੌਂਸਲ

ਨੰ. 270 ਡੀ.ਕਾ

ਮਿਤੀ 22-10-2026

ਯੂਨੀਵਰਸਿਟੀ ਨਾਲ ਸਬੰਧਿਤ ਸਮੂਹ ਕਾਲਜਾਂ
ਦੇ ਚੇਅਰਮੈਨ/ਪ੍ਰਿੰਸੀਪਲ/ਸਾਹਿਬਾਨਾਂ ਨੂੰ

ਵਾਰਿਸ ਭਵਨ/ਗੈੱਸਟ ਹਾਊਸ ਇੰਚਾਰਜ ਵੱਲੋਂ ਹਸਤਾਖ਼ਰ ਕਰਤਾ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਯੂਨੀਵਰਸਿਟੀ ਨਾਲ ਸਬੰਧਿਤ ਕਾਲਜਾਂ ਦੀ ਇੰਟਰਵਿਊ ਯੂਨੀਵਰਸਿਟੀ ਕੈਂਪਸ ਵਿਖੇ ਕਰਵਾਉਣ ਲਈ 5900/- ਰੁ ਦੀ ਫ਼ੀਸ ਆਨ-ਲਾਇਨ ਵਿਧੀ ਰਾਹੀਂ ਅਦਾ ਕੀਤੀ ਜਾਂਦੀ ਹੈ ਅਤੇ ਫ਼ੀਸ ਰਸੀਦ 24 ਘੰਟੇ ਬਾਅਦ ਯੂਨੀਵਰਸਿਟੀ ਲੇਖਾ-ਸ਼ਾਖਾ ਵੱਲੋਂ ਉਕਤ ਫ਼ੀਸ ਰਸੀਦ ਵੈਰੀਫਾਈ ਕਰਵਾਉਣ ਉਪਰੰਤ ਕਾਲਜ ਵੱਲੋਂ ਗੈੱਸਟ ਹਾਊਸ/ਵਾਰਿਸ ਭਵਨ ਵਿਖੇ ਜਮ੍ਹਾਂ ਕਰਵਾਉਣੀ ਹੁੰਦੀ ਹੈ, ਪ੍ਰੰਤੂ ਕੁਝ ਕਾਲਜਾਂ ਵੱਲੋਂ ਯੂਨੀਵਰਸਿਟੀ ਨੂੰ ਅਦਾ ਕੀਤੀ ਫ਼ੀਸ ਦੀ ਰਸੀਦ ਲੇਖਾ-ਸ਼ਾਖਾ ਤੋਂ ਬਿਨਾਂ ਵੈਰੀਫਾਈ ਕਰਵਾਏ ਇੰਟਰਵਿਊ ਕਰਵਾ ਲੈਂਦੇ ਹਨ ਅਤੇ ਸਬੰਧਤ ਵਿਭਾਗ ਨੂੰ ਜਮ੍ਹਾਂ ਫੀਸ ਰਸੀਦ ਆਡਿਟ ਕਰਵਾਉਣ ਸਮੇਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਕਤ ਵਿਸੇ ਅਨੁਸਾਰ ਯੂਨੀਵਰਸਿਟੀ ਨਾਲ ਸਬੰਧਿਤ ਸਮੂਹ ਕਾਲਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇੰਟਰਵਿਊ ਦੀ ਮਿਤੀ ਤੋਂ ਪਹਿਲਾਂ ਗੈੱਸਟ ਹਾਊਸ/ਵਾਰਿਸ ਭਵਨ ਦੀ ਆਨ-ਲਾਇਨ ਅਦਾ ਕੀਤੀ ਫ਼ੀਸ ਰਸੀਦ ਯੂਨੀਵਰਸਿਟੀ ਦੇ ਲੇਖਾ-ਸ਼ਾਖਾ ਬ੍ਰਾਂਚ ਤੋਂ ਵੈਰੀਫਾਈ ਕਰਵਾਉਣ ਉਪਰੰਤ ਹੀ ਇੰਟਰਵਿਊ ਕਰਵਾਉਣੀ ਸੁਨਿਸ਼ਚਿਤ ਕਰਨ ਤਾਂ ਜੋ ਕਿਸੇ ਵੀ ਪ੍ਰਕਾਰ ਦੀ ਮੁਸ਼ਕਲ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਨੂੰ ਅਤਿ-ਜਰੂਰੀ ਸਮਝਿਆ ਜਾਵੇ।

21/10/2026.

ਡੀਨ, ਕਾਲਜ ਵਿਕਾਸ ਕੌਂਸਲ